## ਟੈੱਸਟ ਤੋਂ ਬਾਅਦ

ਤੁਹਾਡੇ ਅੱਖ ਦੇ ਪਰਦੇ (ਰੈਟੀਨਾ) ਦੀਆਂ ਫੋਟੋਆਂ ਲੈਣ ਲਈ ਵਰਤੀਆਂ ਗਈਆਂ ਤੇਜ਼ ਲਾਈਟਾਂ ਨਾਲ ਤੁਹਾਡੀ ਅੱਖ ਦੀ ਝਲਕ ਗੁਲਾਬੀ/ਲਾਲ ਹੋ ਸਕਦੀ ਹੈ। ਇਹ ਕੁਝ ਮਿੰਟਾਂ ਵਿਚ ਹੀ ਹਟ ਜਾਵੇਗੀ।

ਟੈੱਸਟ ਤੋਂ ਬਾਅਦ ਤੁਹਾਡੀ ਚਮੜੀ ਕਈ ਘੰਟਿਆਂ ਲਈ ਪੀਲੀ ਪੈ ਸਕਦੀ ਹੈ। ਇਹ ਰੰਗ ਗੁਰਦਿਆਂ ਵਲੋਂ ਡਾਈ ਨੂੰ ਬਾਹਰ ਕੱਢਣ ਨਾਲ ਖਤਮ ਹੋ ਜਾਵੇਗਾ।
ਟੈੱਸਟ ਤੋਂ ਬਾਅਦ ਤੁਹਾਡਾ ਪਿਸ਼ਾਬ 48 ਘੰਟਿਆਂ ਤੱਕ ਚਮਕਵਾਂ ਪੀਲਾ ਹੋ ਜਾਵੇਗਾ।

ਸਾਡੇ ਕਲੀਨਿਕ ਦੀ ਨਰਸ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਵੇਗੀ।

**ਜਾਣਕਾਰੀ ਦੇਣ ਵਾਲੇ:**


ਓਫਥੈਲਮਿਕ ਇਮੇਜਿੰਗ
ਵੈਨਕੂਵਰ ਕੋਸਟਲ ਹੈਲਥ ਅਥਾਰਟੀ/
ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ
ਅੱਖਾਂ ਦੀ ਸੰਭਾਲ ਦਾ ਸੈਂਟਰ
2550 Willow Street
Vancouver, BC



ਹੋਰ ਕਾਪੀਆਂ ਲੈਣ ਲਈ, **http://vch.eduhealth.ca** ’ਤੇ ਔਨਲਾਈਨ ਜਾਉ ਜਾਂ **phem@vch.ca** ’ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **FH.900.F58.PU**


© ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਫਰਵਰੀ 2020



ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵੱਲੋਂ ਦਿੱਤੀ ਗਈ ਸੀ।
www.vch.ca


Vancouver CoastalHealth

Punjabi


2550 Willow Street, Vancouver
OPHTHALMIC IMAGING
604 875-4585
Eye Care Centre





ਤਾਰੀਕ:　　　　　ਸਮਾਂ:

*Promoting wellness. Ensuring care.*



# ਫਲੋਰੈਸੀਇਨ ਐਂਜੀਓਗ੍ਰਾਫੀ

ਬੀਮਾਰੀ ਦਾ ਪਤਾ ਲਾਉਣ ਲਈ ਇਕ ਟੈਸਟ ਹੈ ਜਿਸ ਵਿਚ **ਅੱਖ ਦੇ ਪਰਦੇ** (ਰੈਟੀਨਾ) – ਅੱਖ ਦੇ ਪਿਛਲੇ ਪਾਸੇ ਦੇ ਲਾਈਟ ਪ੍ਰਤੀ ਸੰਵੇਦਨਸ਼ੀਲ ਟਿਸ਼ੂ – ਵਿਚ ਖ਼ੂਨ ਦਾ ਵਹਾਅ ਰਿਕਾਰਡ ਕਰਨ ਲਈ ਇਕ ਖਾਸ ਕੈਮਰੇ ਦੀ ਵਰਤੋਂ ਕੀਤੀ ਜਾਂਦੀ ਹੈ।




ਕਰੈਡਿਟ: ਨੈਸ਼ਨਲ ਆਈ ਇੰਸਟੀਚਿਊਟ, ਨੈਸ਼ਨਲ ਇੰਸਟੀਚਿਊਟ ਔਫ ਹੈਲਥ




ਖ਼ੂਨ ਨਾੜਾਂ ਵਿਚ ਡਾਈ ਚਿੱਟੀ ਦਿਖਾਈ ਦਿੰਦੀ ਹੈ

ਇਹ ਟੈੱਸਟ ਕੋਈ ਐਕਸਰੇ ਨਹੀਂ ਹੈ ਅਤੇ ਇਸ ਵਿਚ ਅੱਖਾਂ ਨਾਲ ਕੋਈ ਸਿੱਧਾ ਸੰਪਰਕ ਨਹੀਂ ਕੀਤਾ ਜਾਂਦਾ। ਇਕ ਫਲੋਰੈਸੈਂਟ ਡਾਈ ਬਾਂਹ ਦੀ ਨਾੜੀ ਵਿਚ ਚਾੜ੍ਹੀ ਜਾਂਦੀ ਹੈ। ਜਦੋਂ ਇਹ ਡਾਈ ਤੁਹਾਡੀ ਅੱਖ ਦੀਆਂ ਖ਼ੂਨ ਦੀਆਂ ਨਾੜਾਂ ਰਾਹੀਂ ਲੰਘਦੀ ਹੈ, ਤੁਹਾਡੇ ਅੱਖ ਦੇ ਪਰਦੇ ਵਿਚ ਖ਼ੂਨ ਦੇ ਵਹਾਅ ਨੂੰ ਰਿਕਾਰਡ ਕਰਨ ਲਈ ਫੋਟੋਆਂ ਲਈਆਂ ਜਾਂਦੀਆਂ ਹਨ। ਇਹ ਫੋਟੋਆਂ ਅਸਾਧਾਰਣ ਖ਼ੂਨ ਨਾੜਾਂ ਜਾਂ ਅੱਖ ਦੇ ਪਰਦੇ ਦੇ ਹੇਠਾਂ ਦੀਆਂ ਪਰਤਾਂ ਨੂੰ ਹੋਏ ਕਿਸੇ ਨੁਕਸਾਨ ਬਾਰੇ ਦੱਸ ਸਕਦੀਆਂ ਹਨ। ਫਲੋਰੈਸੀਇਨ ਐਂਜੀਓਗ੍ਰਾਮ ਦੀ ਸਿਫਾਰਸ਼ ਅਕਸਰ ਬੀਮਾਰੀ ਦੀ ਪੈਰਵੀ ਕਰਨ ਅਤੇ ਇਲਾਜ ਦੇ ਨਤੀਜਿਆਂ 'ਤੇ ਨਿਗਰਾਨੀ ਰੱਖਣ ਲਈ ਕੀਤੀ ਜਾਂਦੀ ਹੈ।

## ਟੈੱਸਟ ਤੋਂ ਪਹਿਲਾਂ

**ਖਾਉ, ਪੀਉ ਅਤੇ** ਆਪਣੀਆਂ ਦਵਾਈਆਂ ਉਸ ਤਰ੍ਹਾਂ ਲਉ ਜਿਸ ਤਰ੍ਹਾਂ ਤੁਸੀਂ ਆਮ ਤੌਰ 'ਤੇ ਲੈਂਦੇ ਹੋ।

ਟੈੱਸਟ ਤੋਂ ਪਹਿਲਾਂ ਪਾਣੀ ਦੇ 2-3 ਵਾਧੂ ਕੱਪ **ਪੀਉ।**

ਕੌਫੀ, ਚਾਹ ਜਾਂ ਕੈਫੀਨ ਵਾਲੀਆਂ ਪੀਣ ਵਾਲੀਆਂ ਚੀਜ਼ਾਂ ਤੋਂ **ਪਰਹੇਜ਼** ਕਰੋ।

ਅੰਗਰੇਜ਼ੀ ਬੋਲਣ ਵਾਲਾ ਦੋਭਾਸ਼ੀਆ ਨਾਲ **ਲਿਆਉ।**

ਜੇ ਤੁਸੀਂ ਕੌਨਟੈਕਟ ਲੈਨਜ਼ ਪਾਉਂਦੇ ਹੋ ਤਾਂ ਆਪਣਾ ਲੈਨਜ਼ਾਂ ਵਾਲਾ ਕੇਸ ਨਾਲ **ਲਿਆਉ**, ਕਿਉਂਕਿ ਤੁਹਾਨੂੰ ਕੌਨਟੈਕਟਸ ਲਾਹੁਣੇ ਪੈਣਗੇ।

ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਉਨ੍ਹਾਂ ਦਵਾਈਆਂ ਦੀ ਲਿਸਟ ਨਾਲ **ਲਿਆਉ** ਜਿਹੜੀਆਂ ਤੁਸੀਂ ਲੈ ਰਹੇ ਹੋਵੋ।

## ਤੁਹਾਨੂੰ ਕੀ ਮਹਿਸੂਸ ਹੋਵੇਗਾ?

ਟੈੱਸਟ ਨੂੰ 10 – 20 ਮਿੰਟ ਲੱਗਣਗੇ। ਸਾਡੇ ਡਿਪਾਰਟਮੈਂਟ ਵਿਚ ਅੰਦਾਜ਼ਨ ਠਹਿਰਾਅ 1 –2 ਘੰਟੇ ਦਾ ਹੋ ਸਕਦਾ ਹੈ।

ਅੱਖਾਂ ਦੀਆਂ ਪੁਤਲੀਆਂ ਨੂੰ ਫੈਲਾਉਣ ਤੋਂ ਬਾਅਦ ਤੁਹਾਡੀ ਨਿਗ੍ਹਾ ਧੁੰਦਲੀ ਹੋ ਸਕਦੀ ਹੈ। ਅੱਖਾਂ ਦੀਆਂ ਪੁਤਲੀਆਂ ਦੇ ਫੈਲੀਆਂ ਹੋਣ 'ਤੇ ਗੱਡੀ ਚਲਾਉਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

ਕੁਝ ਵਿਅਕਤੀਆਂ ਦਾ ਟੈੱਸਟ ਦੌਰਾਨ ਥੋੜ੍ਹਾ ਜਿਹਾ ਚਿੱਤ ਕੱਚਾ ਵੀ ਹੋ ਸਕਦਾ ਹੈ। ਅਜਿਹਾ ਮਹਿਸੂਸ ਹੋਣਾ ਕੁਝ ਕੁ ਸਕਿੰਟਾਂ ਵਿਚ ਹੀ ਹਟ ਜਾਂਦਾ ਹੈ।

ਇੰਜੈਕਸ਼ਨ ਦੌਰਾਨ ਜੇ ਡਾਈ ਕਮਜ਼ੋਰ ਨਾੜ ਵਿੱਚੋਂ ਲੀਕ ਕਰ ਜਾਵੇ ਤਾਂ ਉਸ ਥਾਂ 'ਤੇ ਕੁਝ ਜਲਣ ਹੋ ਸਕਦੀ ਹੈ ਅਤੇ ਚਮੜੀ 'ਤੇ ਪੀਲੇ ਦਾਗ ਪੈ ਸਕਦੇ ਹਨ।

ਡਾਈ ਤੋਂ ਅਲਰਜੀ ਦਾ ਰੀਐਕਸ਼ਨ ਬਹੁਤ ਘੱਟ ਹੁੰਦਾ ਹੈ। ਜੇ ਇਹ ਹੋ ਜਾਵੇ ਤਾਂ ਇਸ ਨਾਲ ਚਮੜੀ 'ਤੇ ਧੱਫੜ ਪੈ ਸਕਦੇ ਹਨ ਅਤੇ ਖਾਜ ਹੋ ਸਕਦੀ ਹੈ। ਇਸ ਰੀਐਕਸ਼ਨ ਦਾ ਇਲਾਜ ਐਂਟੀਹਿਸਟਾਮਾਈਨਜ਼ ਨਾਲ ਕੀਤਾ ਜਾਂਦਾ ਹੈ। ਅਲਰਜੀ ਦੇ ਗੰਭੀਰ ਰੀਐਕਸ਼ਨ ਬਹੁਤ ਹੀ ਘੱਟ ਹੁੰਦੇ ਹਨ।